# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ : 3-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ ਆਰਥਿਕ ਮਜ਼ਬੂਤੀ ਨੂੰ ਸਮਾਜਿਕ ਮਜ਼ਬੂਤੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਅਤੇ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ, ਸਾਰਿਆਂ ਦੀ ਸ਼ਮੂਲੀਅਤ ਹੀ ਮਜ਼ਬੂਤੀ ਦੀ ਬੁਨਿਆਦ ਏ।

- ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਮੁੱਖ ਸਰਗਨਾ ਨਵਪ੍ਰੀਤ ਸਿੰਘ ਨੂੰ ਤੁਰਕੀਏ ਤੋਂ ਭਾਰਤ ਲਿਆਉਣ ਵਿੱਚ, ਸਫਲਤਾ ਹਾਸਿਲ ਕੀਤੀ ਏ।

- ਸੰਯੁਕਤ ਅਰਬ ਅਮੀਰਾਤ ਦੇ ਅਟਾਰਨੀ ਜਨਰਲ, ਕੌਂਸਲਰ ਡਾ. ਹਮਦ ਸੈਫ ਅਲ ਸ਼ਮਸੀ ਨੇ ਕਿਹਾ - 'ਫਲਾਈ ਦੁਬਈ' ਉਡਾਣ ਦੀ

ਜਾਂਚ ਵਿੱਚ ਪਾਇਆ ਗਿਆ ਕਿ, ਸਹਿ-ਪਾਇਲਟ ਨੇ ਦਹਿਸ਼ਤਗਰਦ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਸੀ।

- ਹੋਰਮੁਜ਼ ਜਲਮਾਰਗ ਵਿੱਚ ਕੁਵੈਤ ਦੇ ਝੰਡੇ ਵਾਲੇ ਟੈਂਕਰ 'ਤੇ ਹੋਏ ਹਮਲੇ ਤੋਂ ਬਾਅਦ, ਪੰਜ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਏ।

- ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਕ੍ਰਿਕੇਟ ਦੇ ਫਾਈਨਲ ਵਿੱਚ, ਪਾਕਿਸਤਾਨ ਨੂੰ 19 ਦੌੜਾਂ ਨਾਲ ਹਰਾ ਕੇ ਸੋਨੇ ਦਾ ਤਮਗਾ ਆਪਣੇ ਨਾਂ ਕੀਤਾ।

## *ਹੁਣ ਖਬਰਾਂ ਵਿਸਥਾਰ ਨਾਲ*

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ ਆਰਥਿਕ ਮਜ਼ਬੂਤੀ ਨੂੰ ਸਮਾਜਿਕ ਮਜ਼ਬੂਤੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ, ਸਮਾਵੇਸ਼ਤਾ ਯਾਨੀ ਰਲਵੀਂ ਮਿਲਵੀ ਸ਼ਮੂਲੀਅਤ ਹੀ ਮਜ਼ਬੂਤੀ ਦੀ ਬੁਨਿਆਦ ਏ। ਸ੍ਰੀ ਰਾਧਾਕ੍ਰਿਸ਼ਨਨ ਅੱਜ ਨਵੀਂ ਦਿੱਲੀ ਵਿੱਚ, 5ਵੇਂ 'ਕੋਟਿਲਿਆ ਆਰਥਿਕ

ਸੰਮੇਲਨ' ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਸੰਮੇਲਨ ਦਾ ਵਿਸ਼ਾ ਸੀ 'ਬਦਲਦੇ ਸਮੇਂ ਵਿੱਚ ਮਜ਼ਬੂਤੀ'।

ਉਪ-ਰਾਸ਼ਟਰਪਤੀ ਨੇ ਕਿਹਾ ਕਿ ਆਮ ਸਹਿਮਤੀ, ਸਮਾਵੇਸ਼ੀ ਪਹੁੰਚ ਅਤੇ ਮੌਜੂਦਾ ਹਾਲਾਤਾਂ ਦੇ ਅਨੁਕੂਲ ਨੀਤੀਆਂ ਬਣਾਉਣ ਨਾਲ ਲੋਕਤੰਤਰ ਅਤੇ ਵਿਕਾਸ ਇਕੱਠੇ ਅੱਗੇ ਵੱਧ ਸਕਦੇ ਨੇ ਅਤੇ ਨਿਰੰਤਰ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਰੱਖੀ ਜਾ ਸਕਦੀ ਏ। ਉਨ੍ਹਾਂ ਕਿਹਾ ਕਿ ਅਸਲ ਮਜ਼ਬੂਤੀ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਏ ਕਿ ਕੋਈ ਵੀ ਨਾਗਰਿਕ, ਉੱਦਮ ਜਾਂ ਖੇਤਰ ਪਿੱਛੇ ਨਾ ਰਹਿ ਜਾਵੇ। ਉਪ ਰਾਸ਼ਟਰਪਤੀ ਨੇ 2047 ਤੱਕ ਇੱਕ ਵਿਕਿਸਤ ਭਾਰਤ ਦੇ ਨਿਰਮਾਣ ਲਈ ਸਮੂਹਿਕ ਯਤਨਾਂ ਦਾ ਸੱਦਾ ਦਿੱਤਾ।

ਸ੍ਰੀ ਰਾਧਾਕ੍ਰਿਸ਼ਨਨ ਨੇ ਤੇਜ਼ੀ ਨਾਲ ਬਦਲਦੀਆਂ ਆਲਮੀ ਤਰਜੀਹਾਂ, ਆਧੁਨਿਕ ਤਕਨਾਲੋਜੀ ਅਤੇ ਵਧ ਰਹੀਆਂ ਜਲਵਾਯੂ ਚੁਣੌਤੀਆਂ ਦੌਰਾਨ, ਆਪਸੀ ਸਹਿਮਤੀ ਨਾਲ ਫੈਸਲਾਕੁੰਨ ਫੈਸਲੇ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਉਪ ਰਾਸ਼ਟਰਪਤੀ ਨੇ ਕਿਹਾ ਕਿ ਸੰਕਟ ਦੇ ਸਮੇਂ, ਸਹਿਮਤੀ 'ਤੇ ਆਧਾਰਿਤ ਫੈਸਲਿਆਂ ਦੀ ਲੋੜ ਹੋਰ ਵੀ ਵੱਧ ਜਾਂਦੀ ਏ। ਉਨ੍ਹਾਂ ਕਿਹਾ ਕਿ ਬਹਿਸ ਅਤੇ ਚਰਚਾ ਬੇਸ਼ੱਕ ਜ਼ਰੂਰੀ ਨੇ, ਪਰ ਅੰਤ ਵਿੱਚ ਇਨ੍ਹਾਂ ਦਾ ਨਤੀਜਾ ਅਜਿਹਾ ਹੋਣਾ ਚਾਹੀਦਾ ਏ, ਜੋ ਸਾਰਿਆਂ ਨੂੰ ਮਨਜ਼ੂਰ ਹੋਵੇ।

-----------------------------------------------------------------------------------

ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸਰਗਨਾ ਨਵਪ੍ਰੀਤ ਸਿੰਘ ਨੂੰ ਤੁਰਕੀਏ ਤੋਂ ਭਾਰਤ ਵਾਪਸ ਲਿਆਂਦਾ ਗਿਆ ਏ। ਦੇਸ਼

ਦੀਆਂ ਏਜੰਸੀਆਂ ਦੀ ਇਸ ਉਪਲਬਧੀ ਨੂੰ ਸਾਂਝਾ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਨਵਪ੍ਰੀਤ ਸਿੰਘ ਨੇ ਨਵਾਬ ਵਿਰਕ ਦੀ ਜਾਅਲੀ ਪਛਾਣ ਤਹਿਤ ਤੁਰਕੀਏ ਦੀ ਨਾਗਰਿਕਤਾ ਹਾਸਲ ਕਰ ਕੇ ਅਫ਼ਗਾਨਿਸਤਾਨ ਤੋਂ ਭਾਰਤ ਵਿੱਚ ਹੈਰੋਇਨ ਅਤੇ ਮੈਥਮਫੇਟਾਮਾਈਨ ਦੀ ਤਸਕਰੀ ਕਰ ਰਿਹਾ ਸੀ। ਸੋਸ਼ਲ ਮੀਡੀਆ ਪੋਸਟ ਵਿੱਚ ਸ੍ਰੀ ਸ਼ਾਹ ਨੇ ਕਿਹਾ ਕਿ ਨਵਪ੍ਰੀਤ ਸਿੰਘ, ਨਵਾਬ ਵਿਰਕ ਨਾਂ ਰੱਖ ਕੇ, ਤੁਰਕੀਏ ਦੀ ਨਾਗਰਿਕਤਾ ਪ੍ਰਾਪਤ ਕਰ ਚੁੱਕਾ ਸੀ। ਉਹ ਅਫ਼ਗਾਨਿਸਤਾਨ ਤੋਂ ਭਾਰਤ ਵਿੱਚ ਨਸ਼ਿਆਂ ਦੀ ਤਸਕਰੀ ਕਰਦਾ ਰਿਹਾ ਏ।

ਸ੍ਰੀ ਸ਼ਾਹ ਨੇ ਕਿਹਾ ਕਿ ਏਜੰਸੀਆਂ ਨੇ ਨਵਪ੍ਰੀਤ ਉਰਫ਼ ਨਵਾਬ ਵਿਰਕ ਦੀ ਅਸਲੀ ਪਛਾਣ ਉਜਾਗਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਅਤੇ ਉਸ ਨੂੰ ਤੁਰਕੀਏ ਤੋਂ ਦੇਸ਼ ਨਿਕਾਲਾ ਦਿਵਾਇਆ। ਉਨ੍ਹਾਂ ਨੇ ਇਸ ਸਫਲਤਾ ਲਈ ਸਾਰੀਆਂ ਏਜੰਸੀਆਂ ਨੂੰ ਵਧਾਈ ਦਿੱਤੀ ਏ।

---------------------------------------------------------------------

ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਏ ਕਿ ਚਾਰਟਰਡ ਅਕਾਊਂਟੈਂਟਸ ਸਰਹੱਦ ਪਾਰ ਟੈਕਸੇਸ਼ਨ, ਨਿਯਮਾਂ ਦੀ ਪਾਲਣਾ ਅਤੇ ਭਾਰਤੀ ਉੱਦਮਾਂ ਨੂੰ ਆਲਮੀ ਪੂੰਜੀ ਨਿਵੇਸ਼ ਲਈ ਤਿਆਰ ਕਰ ਕੇ, ਭਾਰਤ-ਅਮਰੀਕਾ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਨੇ। ਉਨ੍ਹਾਂ ਨੇ ਸ਼ਿਕਾਗੋ, ਮਿਸ਼ੀਗਨ ਅਤੇ ਓਹਾਇਓ ਸ਼ਾਖਾਵਾਂ

ਦੇ ਭਾਰਤੀ ਚਾਰਟਰਡ ਅਕਾਊਂਟੈਂਟਸ ਨਾਲ ਗੱਲਬਾਤ ਦੌਰਾਨ ਇਹ ਪ੍ਰਗਟਾਵਾ ਕੀਤਾ।

ਸ਼੍ਰੀ ਗੋਇਲ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਮੀਟਿੰਗ ਦੌਰਾਨ ਭਾਰਤ-ਅਮਰੀਕਾ ਆਰਥਿਕ ਭਾਈਵਾਲੀ ਵਿੱਚ ਵਿਸਥਾਰ ਦੇ ਮੌਕਿਆਂ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਮਜ਼ਬੂਤ ਜੀਡੀਪੀ ਵਾਧਾ ਅਤੇ ਰਿਕਾਰਡ ਸਿੱਧਾ ਵਿਦੇਸ਼ੀ ਨਿਵੇਸ਼, ਭਾਰਤ ਦੀ ਆਰਥਿਕ ਗਤੀ ਨੂੰ ਦਰਸਾਉਂਦੇ ਨੇ, ਜੋ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਆਤਮ-ਵਿਸ਼ਵਾਸ ਨਾਲ ਭਰੇ, ਸਵੈ-ਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਏ।

---------------------------------------------------------------------------------

ਸੰਯੁਕਤ ਅਰਬ ਅਮੀਰਾਤ ਦੇ ਅਟਾਰਨੀ ਜਨਰਲ, ਕੌਂਸਲਰ ਡਾ. ਹਮਦ ਸੈਫ ਅਲ ਸ਼ਮਸੀ ਨੇ ਕਿਹਾ ਏ ਕਿ 'ਫਲਾਈ ਦੁਬਈ' ਉਡਾਣ FZ-1073 ਦੀ ਘਟਨਾ ਦੀ ਜਾਂਚ ਵਿੱਚ ਪਾਇਆ ਗਿਆ ਏ ਕਿ, ਸਹਿ-ਪਾਇਲਟ ਨੇ ਦਹਿਸ਼ਤਗਰਦ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਸੀ।

ਅਮੀਰਾਤ ਨਿਊਜ਼ ਏਜੰਸੀ ਨੇ ਡਾ. ਅਲ ਸ਼ਮਸੀ ਦੇ ਹਵਾਲੇ ਨਾਲ ਦੱਸਿਆ ਕਿ ਸਹਿ-ਪਾਇਲਟ ਨੇ ਉਡਾਣ ਦੌਰਾਨ ਹੀ ਕਾਰਵਾਈ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਫਲਾਈਟ ਡੈੱਕ ਦੇ ਅੰਦਰ ਕੈਪਟਨ ਸਮਿਤ ਮੱਛਾਰ 'ਤੇ ਕੁਹਾੜੀ ਨਾਲ ਹਮਲਾ ਕੀਤਾ ਅਤੇ ਹਵਾਈ ਜਹਾਜ਼ ਦਾ ਕੰਟਰੋਲ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ।

ਘਟਨਾ ਦੇ ਪਿੱਛੇ ਪੂਰੇ ਹਾਲਾਤਾਂ ਅਤੇ ਉਦੇਸ਼ਾਂ ਨਾਲ ਕਿਸੇ ਵੀ ਸੰਭਾਵੀ ਸਬੰਧ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਏ। ਭੌਤਿਕ ਅਤੇ ਡਿਜੀਟਲ ਸਬੂਤਾਂ ਦੀ ਤਕਨੀਕੀ ਜਾਂਚ ਅਤੇ ਵਿਸ਼ਲੇਸ਼ਣ ਵੀ ਚਲ ਰਿਹਾ ਏ। ਅਟਾਰਨੀ ਜਨਰਲ ਨੇ ਕਿਹਾ ਕਿ ਸਾਰੀਆਂ ਜ਼ਰੂਰੀ ਪ੍ਰਕਿਰਿਆਵਾਂ ਪੂਰੀਆਂ ਹੋਣ ਤੋਂ ਬਾਅਦ ਹੀ ਅੰਤਿਮ ਨਤੀਜਿਆਂ ਦਾ ਐਲਾਨ ਕੀਤਾ ਜਾਵੇਗਾ।

--------------------------------------------------------------------------------

ਹੋਰਮੁਜ਼ ਜਲਮਾਰਗ ਵਿੱਚ ਕੁਵੈਤ ਦੇ ਝੰਡੇ ਵਾਲੇ ਟੈਂਕਰ 'ਤੇ ਹੋਏ ਹਮਲੇ ਤੋਂ ਬਾਅਦ, ਪੰਜ ਭਾਰਤੀ ਨਾਗਰਿਕਾਂ ਨੂੰ ਬਚਾ ਲਿਆ ਗਿਆ ਏ। ਓਮਾਨ ਵਿੱਚ ਭਾਰਤੀ ਦੂਤਘਰ ਨੇ ਅੱਜ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਸਨੇ ਐਮਟੀ ਕਾਜ਼ੀਮਾ III ਵਿੱਚ ਸਵਾਰ ਪੰਜ ਭਾਰਤੀਆਂ ਦੇ ਬਚਾਅ ਕਾਰਜ ਵਿੱਚ ਤਾਲਮੇਲ ਕੀਤਾ ਤੇ ਉਨ੍ਹਾਂ ਨੂੰ ਸੁਰੱਖਿਅਤ ਕਿਨਾਰੇ 'ਤੇ ਪਹੁੰਚਾਇਆ ਗਿਆ। ਭਾਰਤੀ ਦੂਤਘਰ ਨੇ ਬਚਾਅ ਕਾਰਜ ਦੌਰਾਨ ਲਗਾਤਾਰ ਸਹਿਯੋਗ ਅਤੇ ਸਹਾਇਤਾ ਲਈ ਓਮਾਨ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਵਿਚਕਾਰ ਭਾਰਤੀ ਮਲਾਹਾਂ ਨੂੰ ਲੈ ਕੇ ਜਾਣ ਵਾਲੇ ਕਈ ਵਪਾਰਕ ਜਹਾਜ਼ਾਂ 'ਤੇ ਹਮਲੇ ਹੋਏ ਨੇ। ਹੋਰਮੁਜ਼ ਜਲਮਾਰਗ ਇੱਕ ਸਮੁੰਦਰੀ ਰਸਤਾ ਏ ਜੋ ਫ਼ਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਏ।

--------------------------------------------------------------------------------

ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਚੰਡੀਗੜ੍ਹ ਨੇ ਕੱਲ੍ਹ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਵਿੱਚ ਹਰਿਆਣਾ ਸਰਕਾਰ ਦੇ ਫੰਡਾਂ ਦੇ 645 ਕਰੋੜ ਰੁਪਏ ਦੇ ਕਥਿਤ ਗਬਨ ਨਾਲ ਸਬੰਧਤ ਮਨੀ-ਲਾਂਡਰਿੰਗ ਜਾਂਚ ਦੇ ਹਿੱਸੇ ਵਜੋਂ 14 ਥਾਵਾਂ 'ਤੇ ਤਲਾਸ਼ੀ ਲਈ ਏ। ਕਥਿਤ ਵਿਚੋਲੇ ਗੌਰਵ ਕਾਂਸਲ ਸਮੇਤ ਕਈ ਸੁਨਿਆਰਿਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਜੁੜੀਆਂ ਥਾਵਾਂ ਦੀ ਤਲਾਸ਼ੀ ਲਈ ਗਈ। ਏਜੰਸੀ ਨੇ 24.30 ਕਰੋੜ ਰੁਪਏ ਨਕਦ ਜ਼ਬਤ ਕੀਤੇ ਅਤੇ ਬੈਂਕ ਖਾਤੇ ਵਿੱਚ ਲਗਭਗ 22 ਕਰੋੜ ਰੁਪਏ ਜ਼ਬਤ ਕੀਤੇ। ਦਸਤਾਵੇਜ਼ ਅਤੇ ਡਿਜੀਟਲ ਸਬੂਤ ਵੀ ਬਰਾਮਦ ਕੀਤੇ ਗਏ। ਇਹ ਜਾਂਚ ਫਰਵਰੀ 2026 ਵਿੱਚ ਹਰਿਆਣਾ ਪੁਲਿਸ ਵੱਲੋਂ ਸੂਬੇ ਦੇ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਬੈਂਕ ਖਾਤਿਆਂ ਵਿੱਚ ਅੰਤਰ ਨੂੰ ਲੈ ਕੇ ਦਰਜ ਕੀਤੇ ਗਏ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਤੋਂ ਬਾਅਦ ਸ਼ੁਰੂ ਕੀਤੀ ਗਈ ਜਾਂਚ ਦਾ ਹਿੱਸਾ ਏ। ਬੈਂਕ ਖਾਤੇ ਆਈਡੀਐਫਸੀ ਫਸਟ ਬੈਂਕ ਅਤੇ ਏਯੂ ਸਮਾਲ ਫਾਈਨੈਂਸ ਬੈਂਕ ਨਾਲ ਰੱਖੇ ਗਏ ਸਨ। ਇਸ ਬੈਂਕ ਧੋਖਾਧੜੀ ਵਿੱਚ ਕਈ ਆਈਏਐਸ ਅਧਿਕਾਰੀ ਅਤੇ ਹੋਰ ਸਰਕਾਰੀ ਕਰਮਚਾਰੀ ਵੀ ਕਥਿਤ ਤੌਰ 'ਤੇ ਸ਼ਾਮਲ ਨੇ।

--------------------------------------------------------------------------------

ਸਾਬਕਾ ਭਾਰਤੀ ਹਾਕੀ ਕਪਤਾਨ ਅਤੇ ਓਲੰਪੀਅਨ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਏ। ਉਹ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ

ਥਾਂ ਲੈਣਗੇ, ਜਿਨ੍ਹਾਂ ਨੇ ਸ਼ੁੱਕਰਵਾਰ ਨੂੰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਹ ਨਿਯੁਕਤੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੀ ਗਈ ਏ। ਪਦਮ ਸ੍ਰੀ ਅਤੇ ਅਰਜੁਨ ਪੁਰਸਕਾਰ ਜੇਤੂ, ਪਰਗਟ ਸਿੰਘ ਜਲੰਧਰ ਛਾਉਣੀ ਤੋਂ ਤਿੰਨ ਵਾਰ

ਵਿਧਾਇਕ ਅਤੇ ਪੰਜਾਬ ਦੇ ਸਾਬਕਾ ਸਿੱਖਿਆ ਅਤੇ ਖੇਡ ਮੰਤਰੀ ਰਹਿ ਚੁੱਕੇ ਨੇ।

--------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਆਕਾਸ਼ਵਾਣੀ 'ਤੇ ਹਰ ਮਹੀਨੇ ਪ੍ਰਸਾਰਿਤ ਹੋਣ ਵਾਲੇ ਰੇਡੀਓ ਪ੍ਰੋਗਰਾਮ ''ਮਨ ਕੀ ਬਾਤ'' ਦੇ ਅੱਜ 12 ਸਾਲ ਪੂਰੇ ਹੋ ਗਏ ਨੇ। ਮਨ ਕੀ ਬਾਤ ਦਾ ਪਹਿਲਾ ਪ੍ਰਸਾਰਣ ਅੱਜ ਦੇ ਹੀ ਦਿਨ 2014 ਵਿੱਚ ਵਿਜੇਦਸ਼ਮੀ ਦੇ ਮੌਕੇ 'ਤੇ ਹੋਇਆ ਸੀ। ਹਾਲ ਹੀ ਵਿੱਚ, ਮਨ ਕੀ ਬਾਤ ਦਾ 138ਵਾਂ ਐਪੀਸੋਡ ਪ੍ਰਸਾਰਿਤ ਕੀਤਾ ਗਿਆ।

ਪਿਛਲੇ 12 ਸਾਲਾਂ ਵਿੱਚ, 'ਮਨ ਕੀ ਬਾਤ' ਨੇ ਦੇਸ਼ ਭਰ ਵਿੱਚ ਹੋ ਰਹੀਆਂ ਸਕਾਰਾਤਮਕ ਤਬਦੀਲੀਆਂ ਨੂੰ ਉਜਾਗਰ ਕਰਨ ਅਤੇ ਨਾਗਰਿਕਾਂ ਨੂੰ ਭਾਰਤ ਦੀ ਵਿਕਾਸ ਯਾਤਰਾ ਵਿੱਚ, ਸਰਗਰਮੀ ਨਾਲ ਹਿੱਸਾ ਲੈਣ ਲਈ, ਉਤਸ਼ਾਹਿਤ ਕਰਨ ਲਈ ਇੱਕ ਵਿਲੱਖਣ ਮੰਚ ਪ੍ਰਦਾਨ ਕੀਤਾ ਏ।

--------------------------------------------------------------------------------

ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਕ੍ਰਿਕੇਟ ਦੇ ਫਾਈਨਲ ਵਿੱਚ, ਪਾਕਿਸਤਾਨ ਨੂੰ 19 ਦੌੜਾਂ ਨਾਲ ਹਰਾ ਕੇ, ਸੋਨੇ ਦਾ ਤਮਗਾ ਆਪਣੇ ਨਾਂ ਕੀਤਾ। ਭਾਰਤ ਵੱਲੋਂ ਦਿੱਤੇ ਗਏ 212 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ, ਪਾਕਿਸਤਾਨ ਦੀ ਟੀਮ 20 ਓਵਰਾਂ ਵਿਚ 192 ਦੌੜਾਂ ਹੀ ਬਣਾ ਸਕੀ। ਪਹਿਲਾਂ ਭਾਰਤ ਨੇ ਬੱਲੇਬਾਜੀ ਕਰਦਿਆਂ ਨਿਰਧਾਰਤ 20 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਉੱਤੇ 211 ਦੌੜਾਂ ਬਣਾਈਆਂ।

---------------------------------------------------------------------------

ਤਿੰਨ ਮੈਚਾਂ ਦੀ ਇੱਕ ਦਿਨਾ ਲੜੀ ਦੇ ਤੀਜੇ ਅਤੇ ਆਖਰੀ ਮੁਕਾਬਲੇ ਵਿੱਚ ਅੱਜ ਚੰਡੀਗੜ੍ਹ ਵਿੱਚ ਭਾਰਤ ਅਤੇ ਵੈਸਟਇੰਡੀਜ਼ ਆਹਮੋ-ਸਾਹਮਣੇ ਹੋਣਗੇ।

ਨਿਊ ਚੰਡੀਗੜ੍ਹ ਦੇ ਮਹਾਰਾਜਾ ਯਾਦਵਿੰਦਰ ਸਿੰਘ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਵਿੱਚ ਇਹ ਮੈਚ ਦੁਪਹਿਰ 2 ਵਜੇ ਸ਼ੁਰੂ ਹੋਵੇਗਾ।

---------------------------------------------------------------------------

- ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ ਆਰਥਿਕ ਮਜ਼ਬੂਤੀ ਨੂੰ ਸਮਾਜਿਕ ਮਜ਼ਬੂਤੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਅਤੇ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ, ਸਾਰਿਆਂ ਦੀ ਸ਼ਮੂਲੀਅਤ ਹੀ ਮਜ਼ਬੂਤੀ ਦੀ ਬੁਨਿਆਦ ਏ।

- ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਮੁੱਖ ਸਰਗਨਾ ਨਵਪ੍ਰੀਤ ਸਿੰਘ ਨੂੰ ਤੁਰਕੀਏ ਤੋਂ ਭਾਰਤ ਲਿਆਉਣ ਵਿੱਚ, ਸਫਲਤਾ ਹਾਸਿਲ ਕੀਤੀ ਏ।

- ਸੰਯੁਕਤ ਅਰਬ ਅਮੀਰਾਤ ਦੇ ਅਟਾਰਨੀ ਜਨਰਲ, ਕੌਂਸਲਰ ਡਾ. ਹਮਦ ਸੈਫ ਅਲ ਸ਼ਮਸੀ ਨੇ ਕਿਹਾ - 'ਫਲਾਈ ਦੁਬਈ' ਉਡਾਣ ਦੀ ਜਾਂਚ ਵਿੱਚ ਪਾਇਆ ਗਿਆ ਕਿ, ਸਹਿ-ਪਾਇਲਟ ਨੇ ਦਹਿਸ਼ਤਗਰਦ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਸੀ।

- ਹੋਰਮੁਜ਼ ਜਲਮਾਰਗ ਵਿੱਚ ਕੁਵੈਤ ਦੇ ਝੰਡੇ ਵਾਲੇ ਟੈਂਕਰ 'ਤੇ ਹੋਏ ਹਮਲੇ ਤੋਂ ਬਾਅਦ, ਪੰਜ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਏ।

- ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਕ੍ਰਿਕੇਟ ਦੇ ਫਾਈਨਲ ਵਿੱਚ, ਪਾਕਿਸਤਾਨ ਨੂੰ 19 ਦੌੜਾਂ ਨਾਲ ਹਰਾ ਕੇ ਸੋਨੇ ਦਾ ਤਮਗਾ ਆਪਣੇ ਨਾਂ ਕੀਤਾ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ.**

**ਨਮਸਕਾਰ!**